ਪੰਜਾਬ ਹੈਲਥ ਸਿਸਟਮਜ਼ ਕਾਰਪੋਰੇਸ਼ਨ
ਰਾਜ ਸਿਹਤ ਤੇ ਪਰਿਵਾਰ ਭਲਾਈ ਸਿਖਲਾਈ ਸੰਸਥਾ , ਪੰਜਾਬ
ਨੇੜੇ ਸਿਵਲ ਹਸਪਤਾਲ, ਫੇਜ-6,ਅਜੀਤਗੜ੍ਹ(ਮੋਹਾਲੀ), ਪੰਜਾਬ
ਫੋਨ : 0172-2262938, 2263938, ਟੈਲੀਫੈਕਸ : 0172-2266938
ਪਧਾਰੋ ਜੀ : www.punjabhealth.co.in : E-mail: adswmphsc@gmail.com

ਸਪੀਡ ਪੋਸਟ

ਨੰ.ਪੀ.ਐਚ.ਐਸ.ਸੀ./ਬੀ.ਐਮ.ਡਬਲਿਯੂ(ਬਠਿੰਡਾ-02)/13/ 87-108 ਮਿਤੀ 01.04.2013

ਵੱਲ

1.ਮੈਡੀਕਲ ਸੁਪਰਡੈਂਟ ਐਮ.ਕੇ.ਐਚ.ਪਟਿਆਲਾ ਅਤੇ ਸਿਵਲ ਹਸਪਤਾਲ ,ਜਲੰਧਰ
2.ਸਮੂਹ ਡਿਪਟੀ ਮੈਡੀਕਲ ਕਮਿਸ਼ਨਰ

ਵਿਸ਼ਾ :- ਪੰਜਾਬ ਸਿਹਤ ਸਿਸਟਮਜ ਕਾਰਪੋਰੇਸ਼ਨ ਅਧੀਨ ਆਉਂਦੇ ਹਸਪਤਾਲਾਂ ਵਿੱਚ ਬਾਇਉ-ਮੈਡੀਕਲ ਵੇਸਟ ਮੈਨੇਜਮੈਂਟ ਨੂੰ ਵਧਿਆ ਢੰਗ ਨਾਲ ਚਲਾਉਣ ਅਤੇ ਸਹੀ ਢੰਗ ਨਾਲ ਹੈਂਡਲ ਕਰਨ ਬਾਰੇ ।

ਉਪਰੋਕਤ ਵਿਸ਼ੇ ਦੇ ਸੰਬੰਧ ਵਿੱਚ ਆਪ ਜੀ ਨੂੰ ਹਿਦਾਇਤ ਕੀਤੀ ਜਾਂਦੀ ਹੈ ਹਸਪਤਾਲਾਂ ਦੇ ਡਿਊਟੀ ਸਮੇਂ ਤੋਂ ਬਾਅਦ ਹਫਤੇ ਵਿੱਚ ਦੋ ਦਿਨ ਜਿਲ੍ਹਾ ਹਸਪਤਾਲ ਅਤੇ ਇੱਕ ਦਿਨ ਸਬ-ਡਵੀਜਨਲ ਹਸਪਤਾਲਾਂ ਦਾ ਦੌਰਾ ਕੀਤਾ ਜਾਵੇ ਤਾਂ ਜੋ ਪੰਜਾਬ ਪ੍ਰਦੂਸ਼ਣ ਰੋਕਥਾਮ ਬੋਰਡ ਦੇ ਅਧਿਕਾਰੀਆਂ ਵੱਲੋ ਚੈਕਿੰਗ ਕਰਨ ਦੌਰਾਨ ਹਸਪਤਾਲ ਵਿੱਚ ਕੋਈ ਖਾਮੀ ਨਾ ਪਾਈ ਜਾ ਸਕੇ ਜਿਵੇਂ ਕਿ ਹੇਠ ਲਿਖੀਆਂ ਖਾਮੀਆਂ ਜੇਕਰ ਹਸਪਤਾਲ ਵਿੱਚ ਪਾਈਆਂ ਜਾਂਦੀਆਂ ਹਨ ਤਾਂ ਤੁਰੰਤ ਉਸ ਨੂੰ ਦੂਰ ਕਰਨ ਦੇ ਦਿਸ਼ਾ ਨਿਰਦੇਸ਼ ਵੀ ਦਿੱਤੇ ਜਾਣ:-

1. ਇਸ ਗੱਲ ਦਾ ਵਿਸੇਸ ਧਿਆਨ ਦਿੱਤਾ ਜਾਵੇ ਕਿ ਜੋ ਬਾਇਉ ਮੈਡੀਕਲ ਵੇਸ਼ਟ ਹੈ ਉਹ ਜਨਰਲ ਵੇਸ਼ਟ ਨਾਲ ਤਾਂ ਨਹੀਂ ਮਿਲਾਈ ਜਾ ਰਹੀ ।
2. ਕਿ ਤਰਲ ਬਾਇਉ ਮੈਡੀਕਲ ਵੇਸ਼ਟ 1% sodium hypochloride solution ਨਾਲ ਟ੍ਰੀਟ ਕੀਤਾ ਜਾ ਰਿਹਾ ਅਤੇ ਸਹੀ ਤਰੀਕੇ ਨਾਲ ਡਿਸਪੋਜ਼ਏਬਲ ਕੀਤਾ ਜਾ ਰਹਿਆ ਹੈ ?
3. ਕਿ ਨੀਡਲ ਦੀ ਡਿਸਪੋਜਲ ਲਈ ਨੀਡਲ ਕਟਰ ਦੀ ਵਰਤੋਂ ਪਲਾਸਟਿਕ ਵੇਸ਼ਟ ਵਿੱਚ ਕੀਤੀ ਜਾ ਰਹੀਂ ਹੈ ਜਾ ਨਹੀਂ ?
4. ਕਿ ਪਲਾਸਟਿਕ ਸਰਿੰਜ ਦੀ ਡਿਸਪੋਜਲ ਸਹੀ ਤਰੀਕੇ ਨਾਲ ਕੀਤੀ ਜਾ ਸਹੀ ਜਾਂ ਨਹੀਂ ?
5. ਬਾਇਉ ਮੈਡੀਕਲ ਵੇਸਟ ਨੂੰ ਜਿਸ ਪਲਾਸਟਿਕ ਬੈਗ ਵਿੱਚ ਇੱਕਠਾ ਕੀਤਾ ਜਾਂਦਾ ਹੈ ਉਸ ਪਲਾਸਟਿਕ ਬੈਗ ਤੇ ਸੰਬੰਧਿਤ ਹਸਪਤਾਲ ਦਾ ਸਟਿਕਰ ,ਹਸਪਤਾਲ ਦੇ ਸਟਾਫ ਵਲੋ ਲਗਾਇਆ ਗਿਆ ਹੈ ।
6. ਕਿ ਨੋਡਲ ਅਫਸਰ ਵੱਲੋ ਬਾਇਉ ਮੈਡੀਕਲ ਵੇਸ਼ਟ ਨੂੰ ਜਿਸ ਜਗ੍ਹਾਂ ਇੱਕਠਾ ਕਰਨਾ ਹੈ ਅਤੇ ਜਿਸ ਤਰੀਕੇ ਨਾਲ ਇੱਕਠਾ ਕਰਨਾ ਹੈ ਉਸ ਦੀ ਪੂਰੀ ਜਾਣਕਾਰੀ ਬਾਇਉ ਮੈਡੀਕਲ ਵੇਸਟ ਹੈਂਡਲ ਕਰਨ ਵਾਲੇ ਸਟਾਫ ਨੂੰ ਦਿੱਤੀ ਜਾ ਰਹੀਂ ਹੈ ਜਾਂ ਨਹੀਂ ?
7. ਕਿ ਬਾਇਉ ਮੈਡੀਕਲ ਵੇਸਟ ਹੈਂਡਲ ਕਰਨ ਵਾਲੇ ਸਟਾਫ ਵੱਲੋ ਪੀ.ਪੀ.ਈ. ( ਦਸਤਾਨੇ , ਬੂਟ , ਅਪਰਨ ਅਤੇ ਫੇਸ ਮਾਸਕ) ਦੀ ਵਰਤੋਂ ਕੀਤੀ ਜਾ ਰਹੀਂ ਹੈ ਜਾਂ ਨਹੀਂ ?
8. ਕਿ ਹਸਪਤਾਲ ਵਿੱਚ ਕਲਰ ਕੋਡਿੰਗ ਦੀ ਸਹੀਂ ਵਰਤੋ ਕੀਤੀ ਜਾ ਰਹੀਂ ਅਤੇ ਇਸ ਸਬੰਧੀ ਜਿਸ ਜਗ੍ਹਾਂ ਦੇ ਬਾਇਉ ਮੈਡੀਕਲ ਵੇਸ਼ਟ ਇੱਕਠੀ ਕਰਨੀ ਹੈ ਪੋਸਟਰ ਲਗਾਏ ਗਏ ਹਨ ?
9. ਬਾਇਉ ਮੈਡੀਕਲ ਵੇਸਟ ਫਰਮ ਵੱਲੋ ਸਮੇਂ ਬੱਧ ਤਰੀਕੇ ਨਾਲ ਬਾਇਉ ਮੈਡੀਕਲ ਵੇਸਟ ਚੁੱਕੀਆ ਜਾ ਰਿਹਾ ਹੈ ।
10.ਕਿ ਨੋਡਲ ਅਫਸਰ(ਬਾਇਉ ਮੈਡੀਕਲ ਵੇਸ਼ਟ) ਵੱਲੋ ਲੋਗ ਰਜਿਸਟਰ ਸਹੀ ਢੰਗ ਨਾਲ ਮੇਨਟੇਨ ਕੀਤਾ ਜਾ ਰਿਹਾ ਹੈ ਅਤੇ ਹਸਪਤਾਲ ਦੀ ਬਾਇਉ ਮੈਡੀਕਲ ਵੇਸ਼ਟ ਦੀ ਡਿਸਪੋਜ਼ਏਬਲ ਵੱਲ ਧਿਆਨ ਦਿੱਤਾ ਜਾ ਰਹਿਆ ਹੈ ।
11.ਕਿ ਹਸਪਤਾਲ ਵੱਲੋ ਸਮੇਂ ਸਿਰ ਪੰਜਾਬ ਪ੍ਰਦੂਸ਼ਣ ਰੋਕਥਾਮ ਬੋਰਡ ਵੱਲੋ ਆਥੋਰਾਈਜੇਸ਼ਨ ਲਈ ਗਈ ਹੈ ਜਾ ਨਹੀਂ ?
12.ਕਿ ਹਸਪਤਾਲ ਵੱਲੋ ਜਿਸ ਜਗ੍ਹਾਂ ਬਾਇਉ ਮੈਡੀਕਲ ਵੇਸ਼ਟ ਨੂੰ ਇੱਕਠਾ ਕਰਕੇ ਰੱਖਣਾ ਹੈ ਤਾਕਿ ਫਰਮ ਦੇ ਨੁਮਾਈਦੇ ਉਸ ਜਗ੍ਹਾਂ ਤੋਂ ਬਾਇਉ ਮੈਡੀਕਲ ਵੇਸ਼ਟ ਨੂੰ ਚੁੱਕ ਸਕਣ ਉਹ ਸਹੀਂ ਅਤੇ ਇਨਫਕੈਸ਼ਨ ਰਹਿਤ ਹੈ ?
13.ਜਿਸ ਜਗ੍ਹਾਂ ਬਾਇਉ ਮੈਡੀਕਲ ਵੇਸ਼ਟ ਨੂੰ ਇੱਕਠਾ ਕਰਕੇ ਰੱਖਿਆ ਜਾਂਦਾ ਹੈ ਉਸ ਕਮਰੇ ਦੀ ਕਲਰ-ਕੋਡਿੰਗ ਬਾਇਵੂ ਮੈਡੀਕਲ ਵੇਸ਼ਟ ਦੇ ਆਧਾਰ ਤੇ ਕੀਤੀ ਗਈ ਹੈ ਜਾਂ ਨਹੀਂ ?

ਵਾਧੂ ਜਾਣਕਾਰੀ ਲਈ ਸਟੇਟ ਨੋਡਲ ਅਫਸਰ (ਡਾ. ਪਰਵਿੰਦਰ ਪਾਲ ਕੌਰ , ਮੋਬਾਇਲ ਨੰ. 9317646444, ਈ-ਮੇਲ adphsc@gmail.com) ਬਾਇਉ ਮੈਡੀਕਲ ਵੇਸ਼ਟ ਮੈਨੇਜਮੈਂਟ ਨਾਲ ਸਪਰਕ ਕੀਤਾ ਜਾ ਸਕਦਾ ਹੈ ।

ਪ੍ਰਬੰਧਕੀ ਨਿਰਦੇਸ਼ਕ
ਪੰਜਾਬ ਸਿਹਤ ਸਿਸਟਮਜ ਕਾਰਪਰੇਸਨ, ਅਜੀਤਗੜ੍ਹ